# DEPARTMENT OF AGRICULTURE AND FARMERS WELFARE, PUNJAB

## KHETI BHAWAN, PHASE- 6, SAS NAGAR

## PHONE NO. 0172-2970605

Department of Agriculture issued an advertisement on 17/1/2019 in newspaper for inviting offers to empanel firms for supply of some agricultural machines/ implements, namely Balers ( Rectangular / Round ) ; Rakes ; Roto Cultivator cum Clod Breaker / Roto Puddler / Power Harrow ; Crop Reaper cum Binder ; Paddy Transplanter ( Walk Behind / Self Propelled 4 Wheel / Single Wheel) ; Automatic Rice Nursery Sowing Machine ; Equipment for Raising Paddy Nursery ; Pneumatic Planters ; Vegetable Transplanters / Vegetable Seeder; Raised Bed Planter with Inclined Plate & Shaper attachment ; Potato Planter 9 Automatic / Semi Automatic ) ; Potato Digger ; Power Weeder PTO Operated ; Sprayers ( Knapsack 12-16 Ltrs , 0.75-1.0 HP Engine ) ; Tractor Operated Boom Type ; Electrostatic Sprayer ; Battery / Power Operated Sprayer ; DSR Drill cum PLanter / Zero Till Multi Crop Planter ; Tractor operated Cotton Seed Drill / Planter ; Vertcal Conveyor Reaper ; Single Row Fodder Harvester ; Self Propelled Fodder Harvester , Forage Chopper cum Loader ; Forage Reaper under subsidy schemes. Now laser leveler, Maize Thresher, Maize Sheller, DSR Drill, Seed Cum Fertilizer Drill and Sugarcane Cutter Planter has been included in the machines and offers are invited for that.

Agricultural machines/ implements of only those manufactures/firms would be approved, who fulfill the following conditions.

1. Agricultural machines/ implements should be confirming to technical specifications provided by Agriculture department/ Government of India. Technical specifications of above Agricultural machinery are available on the website of dept. ***www.agripb.gov.in***.
2. Agricultural machinery/ implements should be tested from any of the Farm Machinery Training Testing Institute of GoI or any approved agency of the state government.
3. Manufacturer/ firm should be registered on farmer's portal ***www.farmer.gov.in*** of agriculture and farmers welfare ministry GoI.

Offers which do not fulfill above conditions will be rejected. Competent authority can accept/reject any of the offers.

Those agricultural machinery/ implement wish to get their firm/implement empanelled, may submit separate applications online by 28/02/2019 along with required documents at online link ***https://goo.gl/forms/rycXqKi8CekgNfUs1***. These applications can be submitted thorough Gmail account only.

For scrutiny of application documents and test reports of different agriculture machines/implements the manufacturer/ firms would be called on different dates. Following documents are required to be uploaded and sent to this office.

1. Self attested copy of test reports.
2. Self declaration of the firm.
3. Proof for Registration on the portal (Printout of registration).
4. Self attested copy of PAN Number.
5. Copy of documents related to GST.

Note: Manufactures may submit separate applications for different agriculture machines/ implements whereas different sizes and model of each machine may be submitted in one application.

For more information please visit dept. website ***www.agripb.gov.in.***

Scanned by CamScanner

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ**
**ਖੇਤੀ ਭਵਨ, ਫੇਜ਼-6, ਐਸ.ਏ.ਐਸ ਨਗਰ।**
**ਫੋਨ ਨੰ: 0172-2970605**

**ਸਾਲ 2018-19 ਅਤੇ 2019-20 ਦੌਰਾਨ ਰਾਜ ਵਿੱਚ ਕਿਸਾਨਾਂ ਨੂੰ ਖੇਤੀ ਸੰਦ/ਮਸ਼ੀਨਾਂ ਉਪਦਾਨ ਤੇ ਮੁਹੱਈਆ ਕਰਵਾਉਣ ਲਈ ਫਰਮਾਂ/ਮਸ਼ੀਨਰੀ ਨਿਰਮਾਤਾਵਾਂ ਵੱਲੋਂ ਦਿਲਚਸਪੀ ਦੇ ਪ੍ਰਗਟਾਵੇ ਸਬੰਧੀ ਆਫਰਾਂ ਦੀ ਮੰਗ**

ਖੇਤੀਬਾੜੀ ਵਿਭਾਗ ਵੱਲੋਂ ਮਿਤੀ 17-01-2019 ਨੂੰ ਇਕ ਇਸ਼ਤਿਹਾਰ ਰਾਹੀਂ ਕੁਝ ਖੇਤੀ ਮਸ਼ੀਨਾਂ/ਸੰਦਾਂ ਦੀ ਸਬਸਿਡੀ ਰਾਹੀਂ ਸਪਲਾਈ ਲਈ ਫਰਮਾਂ ਦੀ ਇਮਪੈਨਲਮੈਂਟ ਲਈ ਆਫਰਾਂ ਦੀ ਮੰਗ ਕੀਤੀ ਗਈ ਸੀ। **"ਉਸ ਵਿੱਚ ਹੁਣ ਲੇਜਰ ਲੈਵਲਰ ਮਸ਼ੀਨਾਂ, ਮੇਜ਼ ਥਰੈਸ਼ਰ, ਮੇਜ਼ ਸ਼ੈਲਰ, ਡੀ.ਐਸ.ਆਰ ਡਰਿੱਲ, ਸੀਡ ਕਮ ਫਰਟੀਲਾਈਜ਼ਰ ਡਰਿੱਲ ਅਤੇ ਸ਼ੂਗਰਕੇਨ ਕਟਰ ਪਲਾਂਟਰ ਲਈ ਵੀ ਆਫਰਾਂ ਦੀ ਮੰਗ ਕੀਤੀ ਜਾ ਰਹੀਂ ਹੈ"।**

ਕੇਵਲ ਉਹੀ ਨਿਰਮਾਤਾਵਾਂ/ਫਰਮਾਂ ਖੇਤੀ ਮਸ਼ੀਨਰੀ/ ਸੰਦ ਅਪਰੂਵ ਕੀਤੇ ਜਾਣਗੇ, ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ:

1) ਖੇਤੀ ਸੰਦ/ ਮਸ਼ੀਨ, ਵਿਭਾਗ/ ਭਾਰਤ ਸਰਕਾਰ ਵੱਲੋਂ ਦਿੱਤੀਆਂ ਤਕਨੀਕਾਂ ਸਪੈਸੀਫਿਕੇਸ਼ਨਾਂ ਅਨੁਸਾਰ ਹੋਣੇ ਚਾਹੀਦੇ ਹਨ। ਉਪਰੋਕਤ ਖੇਤੀ ਮਸ਼ੀਨਰੀ ਦੀਆਂ ਤਕਨੀਕੀ ਸਪੈਸੀਫਿਕੇਸ਼ਨਾਂ ਵਿਭਾਗ ਦੀ ਵੈਬਸਾਈਟ **www.agripb.gov.in** ਤੇ ਉਪਲਬੱਧ ਹਨ।
2) ਖੇਤੀ ਸੰਦ/ਮਸ਼ੀਨ ਭਾਰਤ ਸਰਕਾਰ ਦੇ ਕਿਸੇ ਵੀ ਫਾਰਮ ਮਸ਼ੀਨਰੀ ਟ੍ਰੇਨਿੰਗ ਅਤੇ ਟੈਸਟਿੰਗ ਇੰਸਟੀਚਿਊਟ ਜਾਂ ਰਾਜ ਸਰਕਾਰ ਦੀ ਪ੍ਰਵਾਨਿਤ ਸੰਸਥਾ ਤੋਂ ਟੈਸਟ/ਪਾਸ ਹੋਣੀ ਚਾਹੀਦੀ ਹੈ।
3) ਫਰਮ, ਖੇਤੀਬਾੜੀ ਮੰਤਰਾਲਾ ਭਾਰਤ ਸਰਕਾਰ ਦੇ ਫਾਰਮਰ ਪੋਰਟਲ (**www.farmer.gov.in**) ਤੇ ਰਜਿਸਟਰ ਹੋਣੀ ਚਾਹੀਦੀ ਹੈ।

ਜੋ ਆਫਰਾਂ ਵਿਭਾਗ ਦੀਆਂ ਉਪਰੋਕਤ ਸ਼ਰਤਾਂ ਅਨੁਸਾਰ ਨਹੀਂ ਹੋਣਗੀਆਂ ਉਹ ਰੱਦ ਕਰ ਦਿੱਤੀਆਂ ਜਾਣਗੀਆਂ। ਸਮਰੱਥ ਅਥਾਰਟੀ ਕੋਈ ਵੀ ਆਫਰ ਪ੍ਰਵਾਨ/ਰੱਦ ਕਰ ਸਕਦੀ ਹੈ।

ਜਿਹੜੇ ਖੇਤੀ ਮਸ਼ੀਨਰੀ ਨਿਰਮਾਤਾ ਆਪਣੀ ਫਰਮ/ਸੰਦ ਇੰਮਪੈਨਲ ਕਰਵਾਉਣਾ ਚਾਹੁੰਦੇ ਹਨ, ਉਹ ਪ੍ਰੋਫਾਰਮੇ ਵਿੱਚ ਸਬੰਧਤ ਦਸਤਾਵੇਜਾਂ ਦੇ ਨਾਲ ਹਰੇਕ ਸੰਦ ਲਈ ਵੱਖਰੇ ਤੌਰ ਤੇ ਆਪਣੇ ਬਿਨੈ ਪੱਤਰ ਮਿਤੀ: 28.02.2019 ਤੱਕ ਆਨਲਾਈਨ ਲਿੰਕ https://goo.gl/forms/rycXqKi8CekgNfUs1 ਰਾਹੀਂ ਜਮ੍ਹਾ ਕਰਵਾਉਣ। ਇਹ ਫਾਰਮ ਜੀ ਮੇਲ ਅਕਾਊਂਟ ਰਾਹੀਂ ਹੀ ਭਰੇ ਜਾ ਸਕਣਗੇ।

ਵੱਖ ਵੱਖ ਮਸ਼ੀਨਾਂ/ਸੰਦਾਂ ਦੀ Test Reports ਅਤੇ ਹੋਰ ਦਸਤਾਵੇਜ ਚੈਕ ਕਰਨ ਲਈ ਵਿਭਾਗ ਵੱਲੋਂ ਵੱਖ-ਵੱਖ ਮਿਤੀਆਂ ਨੂੰ ਬੁਲਾਇਆ ਜਾਵੇਗਾ। ਆਪਣੇ ਦਸਤਾਵੇਜ ਭੇਜਣ ਦੇ ਨਾਲ-ਨਾਲ ਹੇਠ ਲਿਖੇ ਦਸਤਾਵੇਜ ਅਪਲੋਡ ਵੀ ਕੀਤੇ ਜਾਣ।

(1) ਟੈਸਟ ਰਿਪੋਰਟ ਦੀ ਸਵੈ-ਤਸਦੀਕ ਸ਼ੁਦਾ ਕਾਪੀ (2) ਫਰਮ ਵੱਲੋਂ ਸਵੈ ਘੋਸ਼ਣਾ ਪੱਤਰ (3) ਫਾਰਮਰ ਪੋਰਟਲ ਤੇ ਰਜਿਸਟ੍ਰੇਸ਼ਨ ਦਾ ਸਬੂਤ (ਪੋਰਟਲ ਤੇ ਰਜਿਸਟ੍ਰੇਸ਼ਨ ਦਾ ਪ੍ਰਿੰਟ ਆਊਟ) (4) ਪੈਨ ਨੰ:ਦਾ ਸਬੂਤ (5) ਜੀ.ਐਸ.ਟੀ ਦਾ ਸਬੂਤ ਅਤੇ ਹੋਰ ਦਸਤਾਵੇਜ।

ਨੋਟ:
ਖੇਤੀ ਨਿਰਮਾਤਾਵਾਂ ਵੱਲੋਂ ਹਰ ਮਸ਼ੀਨ/ ਸੰਦ ਲਈ ਵੱਖਰੇ ਤੌਰ ਤੇ ਫਾਰਮ ਭਰੇ ਜਾਣ।
ਜਦਕਿ ਇਕ ਹੀ ਮਸ਼ੀਨ/ਸੰਦ ਦੇ ਮਾਡਲ/ਸਾਈਜ਼ ਇਕ ਹੀ ਫਾਰਮ ਵਿੱਚ ਸਬਮਿਟ ਕੀਤੇ ਜਾਣ।
ਵਧੇਰੇ ਜਾਣਕਾਰੀ ਲਈ ਸੂਚਨਾ ਵਿਭਾਗ ਦੀ ਵੈਬਸਾਈਟ **www.agripb.gov.in** ਤੇ ਉਪਲਬੱਧ ਹੈ।

ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ, ਪੰਜਾਬ

Scanned by CamScanner